**Academe** *Journal of Education & Psychology* *ISSN: 2249-040X*
*Volume-16, Issue-1, Year-2026 (January-June)* *Peer Reviewed & Refereed Journal (IF: 6.25)*
*PP: 180-184* *Journal Website* www.academejournal.in

# ਜਿਉਣਾ ਸੱਚ ਬਾਕੀ ਝੂਠ ਕਥਾ ਸੰਗ੍ਰਹਿ: ਥੀਮਿਕ ਅਧਿਐਨ

**ਅਸ਼ੋਕ ਕੁਮਾਰ**
**ਪ੍ਰੋ., ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ।**

ਕਹਾਣੀ ਨੂੰ ਆਧੁਨਿਕ ਯੁੱਗ ਦੀ ਸਭ ਤੋਂ ਵਿਕਸਿਤ ਅਤੇ ਹਰਮਨ ਪਿਆਰੀ ਸਾਹਿਤਿਕ ਵਿਧਾ ਮੰਨਿਆ ਗਿਆ ਹੈ, ਜੋ ਮਨੁੱਖੀ ਸੰਚਾਰ ਦਾ ਇੱਕ ਅਟੁੱਟ ਅੰਗ ਹੈ। ਪੰਜਾਬੀ ਸਾਹਿਤ ਵਿੱਚ ਆਧੁਨਿਕ ਕਹਾਣੀ ਦਾ ਆਗਾਜ਼ ਪੱਛਮੀ ਪ੍ਰਭਾਵ ਹੇਠ ਹੋਇਆ।

## ਮੁੱਖ ਬਿੰਦੂ:

- **ਮੋਢੀ ਕਹਾਣੀਕਾਰ:** ਪੰਜਾਬੀ ਕਹਾਣੀ ਦੇ ਜਨਮਦਾਤਿਆਂ ਵਿੱਚ ਚਰਨ ਸਿੰਘ ਸ਼ਹੀਦ, ਲਾਲ ਸਿੰਘ ਕਮਲਾ ਅਕਾਲੀ, ਗੁਰਬਖਸ਼ ਸਿੰਘ 'ਪ੍ਰੀਤਲੜੀ' ਅਤੇ ਨਾਨਕ ਸਿੰਘ ਦੇ ਨਾਮ ਪ੍ਰਮੁੱਖ ਹਨ।
- **ਵਰਤਮਾਨ ਸਥਿਤੀ:** ਅਜੋਕੇ ਸਮੇਂ ਵਿੱਚ 250 ਤੋਂ ਵੱਧ ਕਹਾਣੀਕਾਰ ਇਸ ਖੇਤਰ ਵਿੱਚ ਸਰਗਰਮ ਹਨ।

## ਜਤਿੰਦਰ ਹਾਂਸ ਬਾਰੇ:

ਜਤਿੰਦਰ ਹਾਂਸ ਪੰਜਾਬੀ ਕਹਾਣੀ ਦੇ ਚੌਥੇ ਪੜਾਅ ਦਾ ਇੱਕ ਵਿਲੱਖਣ ਕਹਾਣੀਕਾਰ ਅਤੇ ਨਾਵਲਕਾਰ ਹੈ। ਉਹ ਘੱਟ ਸ਼ਬਦਾਂ ਵਿੱਚ ਵੱਡੀ ਗੱਲ ਕਹਿਣ ਦੇ ਹੁਨਰ ਲਈ ਜਾਣਿਆ ਜਾਂਦਾ ਹੈ।

## ਉਸ ਦੀਆਂ ਪ੍ਰਮੁੱਖ ਰਚਨਾਵਾਂ:

- **ਕਹਾਣੀ ਸੰਗ੍ਰਹਿ:**
  - ਪਾਵੇ ਨਾਲ ਬੰਨ੍ਹਿਆ ਹੋਇਆ ਕਾਲ (2005)
  - ਈਸ਼ਵਰ ਦਾ ਜਨਮ (2009)
  - ਬੇਗਮ ਅਤੇ ਗੁਲਾਮ (ਸੰਪਾਦਨ)
- **ਨਾਵਲ:** ਬਸ ਅਜੇ ਏਨਾ ਹੀ
- **ਅਨੁਵਾਦ:** 'ਪਾਵੇ ਸੇ ਬੰਧਾ ਹੁਆ ਕਾਲ' (2009) - ਹਿੰਦੀ ਅਨੁਵਾਦ
  - **ਜਿਉਣਾ ਸੱਚ ਬਾਕੀ ਝੂਠ ਕਥਾ ਸੰਗ੍ਰਹਿ**
  - 'ਜਿਉਣਾ ਸੱਚ ਬਾਕੀ ਝੂਠ ਕਥਾ ਸੰਗ੍ਰਹਿ' ਜਤਿੰਦਰ ਹਾਂਸ ਜੀ ਦਾ ਅਗਲਾ ਕਹਾਣੀ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਆਪਣੇ ਆਮ ਜਿਹੇ ਪਾਤਰਾਂ ਦੇ ਪਿਆਰ, ਸਾੜੇ, ਦੁੱਖ ਜਾਂ ਸੁੱਖ ਦੀਆਂ ਭਾਵਨਾਵਾਂ ਦੁਆਰਾ ਛੋਟੀਆਂ ਜਿਹੀਆਂ ਗੱਲਾਂ ਅਤੇ ਘਟਨਾਵਾਂ ਨੂੰ ਵੱਡਾ ਬਣਾ ਦਿੰਦਾ ਹੈ। ਇਸ ਸੰਗ੍ਰਹਿ ਦਾ ਵਿਸ਼ਾ ਵਸਤੂ, ਕਲਾ-ਪੱਖ ਪਾਠਕਾਂ ਦਾ ਉਚੇਚਾ ਧਿਆਨ ਖਿੱਚਣ ਵਿੱਚ ਸਫ਼ਲ ਰਿਹਾ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਉਸਨੇ ਨੌਂ ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਇਸ ਸੰਗ੍ਰਹਿ ਦੀ ਹਰ ਕਹਾਣੀ ਵਿੱਚ ਸਾਧਾਰਣ ਜਿਹੇ ਵਿਸ਼ੇ ਲੈ ਕੇ ਵੱਡੀਆਂ ਗੱਲਾਂ ਕੀਤੀਆਂ ਹਨ। ਉਸ ਨੂੰ ਕਹਾਣੀ ਘੜਨ ਦੀ ਜੁਗਤ ਹੈ। 'ਜਤਿੰਦਰ ਹਾਂਸ' ਦੀ ਵਿਸ਼ਾ ਚੋਣ ਭਾਵੇਂ ਵਿਰਲੀ ਨਹੀਂ ਪਰ ਨਿਵੇਕਲੀ ਜਰੂਰ ਹੈ। ਉਸਨੇ ਆਪਣੀਆਂ ਕਹਾਣੀਆਂ ਵਿੱਚ ਹੀ ਸਮਾਜ ਦੇ ਨਿੱਕੇ-ਨਿੱਕੇ ਪਾਤਰਾਂ ਦੇ ਮੂੰਹੋਂ ਵੱਡੀਆਂ-ਵੱਡੀਆਂ ਗੱਲਾਂ ਬੁਲਵਾਈਆਂ ਅਤੇ ਵੱਡੇ-ਵੱਡੇ ਅਰਥ ਪੈਦਾ ਕਰ ਦਿੱਤੇ।
  - 'ਜਿਉਣਾ ਸੱਚ ਬਾਕੀ ਝੂਠ ਕਥਾ ਸੰਗ੍ਰਹਿ' ਕਹਾਣੀ ਸੰਗ੍ਰਹਿ ਦੀ ਪਲੇਠੀ ਕਹਾਣੀ **"ਡ ਖਾਲੀ ਨਹੀਂ ਹੁੰਦਾ"** ਹੈ। ਕਹਾਣੀ ਵਿੱਚ ਸਮਾਜ ਵਿੱਚ ਚਲ ਰਹੇ ਸਿਸਟਮ 'ਤੇ ਵਿਅੰਗ ਕੀਤਾ ਗਿਆ ਹੈ। ਲੋਕਾਂ


**© Copyright @ Authors**

ਵਿੱਚ ਪਾੜਾ ਬਹੁਤ ਵੱਧ ਰਿਹਾ ਹੈ। ਇੱਥੋਂ ਤੱਕ ਕਿ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਵਿੱਚ ਵੀ ਬਹੁਤ ਪਾੜਾ ਵੱਧ ਰਿਹਾ ਹੈ। ਇਹ ਸਾਡੇ ਸਮਾਜ ਲਈ ਬਹੁਤ ਖਤਰਨਾਕ ਸਿੱਧ ਹੋ ਰਿਹਾ ਹੈ। ਇਸ ਸਮਾਨਤਾ ਨੂੰ ਘੱਟ ਕਰਨ ਲਈ 'ਸਮਾਨਤਾ ਦਿਵਸ' ਮਨਾਇਆ ਜਾ ਰਹਾ ਹੈ।

- ਇਸ ਪਾੜੇ ਦਾ ਸ਼ਿਕਾਰ ਸਕੂਲ ਦਾ ਮਾਸਟਰ ਰਜਤ ਸ਼ਰਮਾ ਵੀ ਹੈ। ਕਹਾਣੀਕਾਰ ਨੇ ਰਾਖਵੇਂਕਰਨ ਦਾ ਪੱਖ ਵੀ ਪੇਸ਼ ਕੀਤਾ ਹੈ ਕਿ ਮੈਡਮ ਮੋਨਿਕਾ ਘੱਟ ਨੰਬਰ ਪ੍ਰਾਪਤ ਕਰਕੇ ਵੀ (ਐਸ.ਸੀ.ਕੋਟੇ ਚੋਂ) ਕਰਕੇ ਵੀ ਸਕੂਲ ਦੀ ਹੈਡਮਾਸਟਰਨੀ ਬਣ ਜਾਂਦੀ ਹੈ ਜਦੋਂ ਕਿ 90% ਨੰਬਰ ਵਾਲਾ ਰਜਤ ਸ਼ਰਮਾ ਉਸਦੇ ਮਾਤਹਿਤ ਹੈ। ਘੱਟ ਨੰਬਰ ਲੈ ਕੇ ਵੀ ਉਹ ਆਪਣੀ ਅਮੀਰੀ ਦੇ ਅਹੁਦੇ ਦੀ ਹੈਂਕੜ ਕਾਰਨ ਉਸ ਦਾ ਵਰਤਾਉ ਰੁੱਖਾ ਹੋ ਚੁੱਕਾ ਹੈ। ਇਸ ਤਰ੍ਹਾਂ ਕਹਾਣੀਕਾਰ ਨੇ ਸਹਿਜ ਤਰੀਕੇ ਨਾਲ ਜਾਤ ਦਾ ਵੰਡ ਨੂੰ ਪੇਸ਼ ਕੀਤਾ ਹੈ।
- ਕਹਾਣੀ ਵਿੱਚੋਂ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੀ ਸਮਾਨਤਾ ਸਥਾਪਿਤ ਕਰਨ ਦੇ ਨਾਲ ਇੱਕ ਆਮ ਗਰੀਬ ਪਰਿਵਾਰ ਦਾ ਬੱਚਾ 'ਜਿੰਦੂ' ਜੋ ਆਪਣੇ ਅੰਦਰ ਬਹੁਤ ਕੁਝ ਸਮੋਈ ਬੈਠਾ ਹੈ, ਪਰ ਕੋਈ ਵੀ ਉਸਦੀ ਕਾਬਲੀਅਤ ਨੂੰ ਨਹੀਂ ਪਹਿਚਾਣਦਾ। ਅੰਤ ਵਿੱਚ ਜਿੰਦੂ ਦੀ ਸਕਿੱਟ ਲੇਖਕ ਦੀ ਜਮਾਤੀ ਸਮਝ ਨੂੰ ਸਿਖਰ 'ਤੇ ਲੈ ਜਾਂਦੀ ਹੈ। ਜੋ ਉਹ ਸਕਿੱਟ ਪਬਲਿਕ ਸਕੂਲ ਵਿੱਚ ਪੇਸ਼ ਕਰਦਾ ਹੈ, ਉਹ ਤਾਂ ਹਰ ਰੋਜ਼ ਉਸਦੇ ਘਰ ਵਿੱਚੋਂ ਵਾਪਰਦਾ ਹੈ-
- "ਸਕਿੱਟ ਪੇਸ਼ ਕਰਦਿਆਂ ਜਿੰਦੂ ਸ਼ਰਾਬੀ ਵਾਂਗ ਕਰ ਰਿਹਾ ਸੀ "ਤੂੰ ਤਾਂ ਕਹਿੰਨੀ ਆਂ, ਮੈਂ ਦਸਾਂ ਬੰਦਿਆਂ ਜਿੰਨਾ ਕੰਮ ਕਰਦੀ ਆਂ..... ਤੂੰ ਕੁੱਤੀਏ ਕਹਿੰਨੀ ਏਂ ਮੈਂ ਸਾਰਾ ਕੁਝ ਨਸ਼ਿਆਂ 'ਚ ਰੋੜ ਤਾਂ, ਤੂੰ ਕਹਿੰਨੀ ਏਂ ਮੈਂ ਤੇਰਾ ਲੱਕ ਤੋੜ ਤਾਂ ਕੁੱਤੀਏ ਚੰਗੀ ਭਲੀ ਤਾਂ ਏ..... ਮੈਂ ਤੇਰਾ ਖ਼ਸਮ ਆਂ........ ਮੇਰੇ ਬਰਾਬਰ ਬੋਲਦੀ ਏਂ.........।"
- ਕਹਾਣੀਕਾਰ ਇਸ ਕਹਾਣੀ ਰਾਂਹੀ ਆਪਣੇ ਪਾਠਕਾਂ ਨੂੰ ਇਹ ਦੱਸਣਾ ਚਾਹੁੰਦਾ ਹੈ ਕਿ ਕੋਈ ਵੀ ਯੋਗਤਾ ਅਤੇ ਬੁੱਧੀ ਤੋਂ ਖਾਲੀ ਨਹੀਂ ਹੁੰਦਾ। ਜਿੰਦੂ ਗਰੀਬ ਘਰ ਦਾ ਲੜਕਾ ਵਜੀਫ਼ੇ ਦੇ ਸਹਾਰੇ ਪੜ੍ਹਾਈ ਕਰਨ ਲਈ ਜਿੱਦੋ-ਜ਼ਹਿਦ ਕਰ ਰਿਹਾ ਹੈ। ਜਦੋਂ ਜਿੰਦੂ ਮੋਨਿਕਾ ਮੈਡਮ ਨੂੰ ਪੁੱਛਦਾ ਹੈ ਤਾਂ ਮੈਡਮ ਉਸਤੋਂ ਪੁੱਛਦੀ ਹੈ?"
- "ਕੀ ਆਂ ਤੂੰ?"
- "ਜੀ ਮੈਂ ਜਿੰਦੂ ਆਂ ਮੈਡਮ ਜੀ।" ਉਹਨੇ ਭੋਲੇ ਭਾਅ ਕਿਹਾ ਮੈਡਮ ਨੇ 'ਕੌਣ ਏ ਤੂੰ ਨਹੀਂ ਪੁੱਛਿਆ ਸੀ ਉਹਨੇ 'ਕੀ ਏਂ ਤੂੰ' ਪੁੱਛਿਆ ਸੀ।
- "ਚੱਲ ਭੱਜ ਕਿ ਛਿੱਤਰ ਲਾਹਾਂ।" ਮੈਡਮ ਕੜਕੀ। ਫਿਰ ਡਾਕ ਤਿਆਰ ਕਰਨ ਲੱਗੀ।
- ਇਹਨਾਂ ਸਤਰਾਂ ਰਾਂਹੀ ਜਾਤੀ ਵਰਗ ਸਾਡੇ ਸਾਹਮਣੇ ਆਉਂਦਾ ਹੈ ਅਤੇ ਜਿੰਦੂ ਵਰਗਾ ਬੱਚਾ ਵੀ ਨਿਰਾਸ਼ਾ ਦੇ ਘੇਰੇ ਵਿੱਚ ਆ ਜਾਂਦਾ ਹੈ ਕਿ ਉਸ ਦੀ ਪੜ੍ਹਾਈ ਵਜੀਫ਼ੇ ਦੇ ਚੱਕਰ ਕਾਰਨ ਜਾਰੀ ਰਹੇਗੀ ਜਾਂ ਨਹੀਂ। ਭਾਵੇਂ ਕਿ ਉਸਦੀ ਸਮਾਨਤਾ ਦਿਵਸ ਤੇ ਬੈਸਟ ਪ੍ਰਫਾਰਮੈਂਸ ਸੀ।
- 'ਲਵ-ਜਿਹਾਦ' ਇਸ ਕਹਾਣੀ ਸੰਗ੍ਰਹਿ ਦੀ ਦੂਸਰੀ ਕਹਾਣੀ ਹੈ। ਇਸ ਕਹਾਣੀ ਦੀ ਨਾਇਕਾ ਰਾਂਹੀ ਔਰਤ ਦੀਆਂ ਅੰਦਰੂਨੀ ਪਰਤਾਂ ਨੂੰ ਫਰੋਲਿਆਂ ਗਿਆ ਹੈ। ਸ਼ੋਸ਼ਲ ਮੀਡੀਆ ਦੇ ਚੱਕਰ ਵਿੱਚ ਆਪਣੇ ਅਤੇ ਆਪਣੇ ਪਰਿਵਾਰ ਦੀ ਖੁਸ਼ਹਾਲੀ ਲਈ ਕੁਛ ਵੀ ਕਰਨ ਲਈ ਤਿਆਰ ਹੋ ਜਾਂਦੀ ਹੈ। ਇੱਥੋਂ ਤੱਕ ਕਿ ਔਲਾਦ ਦੀ ਪ੍ਰਾਪਤੀ ਲਈ 'ਬੰਦਾ ਬਦਲਣ' ਲਈ ਵੀ ਤਿਆਰ ਹੋ ਜਾਂਦੀ ਹੈ। ਨਾਇਕਾ ਦੀ ਸਹੇਲੀ ਦੁਆਰਾ ਦਿੱਤੀ 'ਬੰਦਾ ਬਦਲਣ' ਦੀ ਸਲਾਹ ਕਹਾਣੀ ਨੂੰ ਬਹੁਤ ਹੀ ਰੌਚਿਕਤਾ ਪ੍ਰਦਾਨ ਕਰਦੀ ਹੈ।


**© Copyright @ Authors**

- ਕਮਲ ਵਰਗਾ ਨੌਜਵਾਨ ਜਿਸ ਨੂੰ ਕਹਾਣੀ ਦੀ ਨਾਇਕਾ ਫੇਸਬੁੱਕ ਦੇ ਜ਼ਰੀਏ ਲੱਭਦੀ ਹੈ ਉਹ ਉਸਨੂੰ ਪਿਆਰ ਦੇ ਦਿਖਾਵੇ ਹੀ ਕਰਦਾ ਹੈ, ਜਿਸਨੂੰ ਨਾਇਕਾ ਅੰਤ ਵਿਚੋਂ ਭਾਂਪ ਲੈਂਦੀ ਹੈ।
- "ਮੈਨੂੰ ਮਹਿਸੂਸ ਹੋ ਗਿਆ ਕਮਲ ਮੈਨੂੰ ਪਿਆਰ ਨਹੀਂ ਕਰਦਾ। ਜੇ ਸੱਚਾ-ਪਿਆਰ ਕਰਦਾ ਹੁੰਦਾ ਤਾਂ ਕਿਵੇਂ ਸਹਿ ਲੈਂਦਾ ਕਿ ਮੈਂ ਕਿਸੇ ਹੋਰ ਨੂੰ ਪਿਆਰ ਕਰਾਂ।"
- ਜਤਿੰਦਰ ਹਾਂਸ ਦੀ ਕਹਾਣੀ 'ਜਿਉਣਾ ਸੱਚ ਬਾਕੀ ਝੂਠ ਆਂ' ਸਭ ਤੋਂ ਮਹੱਤਵਪੂਰਨ ਹੈ। ਇਹ ਕਹਾਣੀ ਜਿੱਥੇ ਜ਼ਿੰਦਗੀ ਦੇ ਜਿਊਣ ਅਤੇ ਮਾਨਣ ਨੂੰ ਸਭ ਤੋਂ ਉੱਤਮ ਸ਼ੈਅ ਗਰਦਾਨਦੀ ਹੈ। ਉੱਥੇ ਨਾਲ ਹੀ ਉਦਯੋਗੀਕਰਨ ਅਤੇ ਮਸ਼ੀਨੀਕਰਨ ਕਾਰਨ ਨਿਮਨ ਕਿਸਾਨ ਦੀ ਹੋ ਰਹੀ ਦੁਰਦਸ਼ਾ ਨੂੰ ਵੀ ਬਿਆਨ ਕਰਦੀ ਹੈ। ਇਸ ਕਹਾਣੀ ਦਾ ਪਾਤਰ ਹਰੀ ਸਿਓਂ ਜੋ ਮਿਹਨਤ ਨਾਲ ਆਪਣੇ ਆਪ ਨੂੰ ਖੇਤੀ ਰਾਂਹੀ ਕਾਮਯਾਬ ਕਰਦਾ ਹੈ। ਵਾਸਤਵ ਵਿੱਚ ਕਿਸਾਨ ਪੂਰੀ ਤਰ੍ਹਾਂ ਜ਼ਮੀਨ 'ਤੇ ਹੀ ਨਿਰਭਰ ਕਰਦਾ ਹੈ। ਹਰੀ ਸਿਓਂ ਦਾ ਪੁੱਤਰ ਇੱਕ ਕਿਸਾਨ ਪਰਿਵਾਰ ਦਾ ਪੜ੍ਹਿਆ ਲਿਖਿਆ ਬੇਰੁਜ਼ਗਾਰ ਨੌਜਵਾਨ ਆਪਣੇ ਰਸਤੇ ਤੋਂ ਭਟਕ ਚੁੱਕਾ ਹੈ। ਉਹ ਆਪਣਾ ਪੁਰਾਣਾ ਟਰੈਕਟਰ ਵੇਚ ਕੇ ਆਧੁਨਿਕ ਤਕਨੀਕ ਨਾਲ ਖੇਤੀ ਕਰਨਾ ਚਾਹੁੰਦਾ ਹੈ। ਪਰ ਆਰਥਿਕ ਪੱਖੋਂ ਕਮਜ਼ੋਰ ਹੋਣ ਕਰਕੇ ਉਹ ਇਸ ਵਿੱਚ ਸਫ਼ਲ
- ਨਹੀਂ ਹੋ ਪਾਉਂਦਾ। ਇਸ ਤਰ੍ਹਾਂ ਉਹ ਆਪਣੀਆਂ ਭਾਵਨਾਵਾਂ ਵਿੱਚ ਉਲਝ ਕੇ ਆਪਣੇ ਪਿਉ ਨਾਲ ਬਗਾਵਤ ਕਰਕੇ ਆਪਣੇ ਆਪ ਨੂੰ ਖਤਮ ਕਰ ਲੈਣਾ ਚਾਹੁੰਦਾ ਹੈ। ਪਰ ਕਹਾਣੀਕਾਰ ਨੇ ਕਹਾਣੀ ਰਾਂਹੀ ਜਿਊਣ ਨੂੰ ਹੀ ਮਨੁੱਖ ਦਾ ਸਹੀ ਮਕਸਦ ਦੱਸਿਆ ਹੈ।
- "ਇੱਕ ਗੱਲ ਮੇਰੀ ਪੱਲੇ ਬੰਨ੍ਹ ਲਾ ਜਿਹੜੀ ਮੈਂ ਗੁਰੂ-ਮਾਰਾਜ ਤੋਂ ਸਿੱਖੀਆਂ "ਜਿਉਣਾ ਸੱਚ................ਬਾਕੀ ਸਭ ਝੂਠ ਆਂ"।
- **'ਲੁਤਰੋਂ'** ਕਹਾਣੀ ਵਿੱਚ ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਸੋਚ ਕੇ ਪਰ ਆਪਣੇ ਬਜ਼ੁਰਗਾਂ ਦੀ ਪਰਵਾਹ ਕੀਤੇ ਬਿਨ੍ਹਾਂ ਵਿਦੇਸ਼ ਜਾ ਵੱਸਣ ਨੂੰ ਬਿਆਨਿਆ ਹੈ। ਇਸ ਕਹਾਣੀ ਵਿੱਚ ਇੱਕ ਬੇਵੱਸ ਔਰਤ ਜਿਸਦਾ ਇਕਲੌਤਾ ਪੁੱਤਰ ਉਸਨੂੰ ਇਕੱਲੀ ਛੱਡ ਕੇ ਵਿਦੇਸ਼ ਜਾ ਚੁੱਕਾ ਹੈ। ਉਸ ਦੇ ਜ਼ਰੀਏ ਇਸ ਕਹਾਣੀ ਵਿੱਚ ਇਕਲੌਤਾ ਭੋਗਦੇ ਮਾਂ-ਪਿਉ ਦੀ ਸਥਿਤੀਆਂ ਅਤੇ ਤਰਸਯੋਗ ਹਾਲਤ ਨੂੰ ਬਿਆਨ ਕੀਤਾ ਹੈ। ਜਿਸ ਪੁੱਤਰ ਨੂੰ ਉਸ ਨੇ ਆਪਣੇ ਬੁਢੇਪੇ ਦੇ ਸਹਾਰੇ ਲਈ ਪਾਲਿਆ ਪੋਸਿਆ, ਉਹ ਆਪਣੇ ਪੁੱਤਰ ਦੇ ਭਵਿੱਖ ਦੀ ਚਿੰਤਾ ਕਰਦਿਆਂ ਵਿਦੇਸ਼ ਜਾ ਵਸਿਆ।
- ਇਸ ਕਹਾਣੀ ਦੀ ਦੂਸਰੀ ਪਾਤਰ **'ਮੁੱਕੋ'** ਹੈ ਜਿਸ ਦੇ ਅਧਾਰ 'ਤੇ ਇਸ ਕਹਾਣੀ ਦਾ ਸਿਰਲੇਖ 'ਲੁਤਰੋਂ' ਰੱਖਿਆ ਗਿਆ। ਮੁੱਕੋ ਆਪਣੇ ਨਸ਼ੇੜੀ ਪਤੀ ਨੂੰ ਛੱਡ ਕਿ ਆਪਣੀਆਂ ਧੀਆਂ ਦੇ ਭਵਿੱਖ ਲਈ ਲੋਕਾਂ ਦੇ ਘਰਾਂ ਵਿੱਚ ਕੰਮ ਕਰਦੀ ਹੈ। ਜੇਕਰ ਕੋਈ ਔਰਤ ਹੱਸ ਖੇਡ ਕੇ ਸਮਾਂ ਬਤੀਤ ਕਰਨ ਦੀ ਕੋਸ਼ਿਸ ਕਰੇ ਤਾਂ ਉਸ ਨੂੰ ਮਾੜੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਬੇਸ਼ੱਕ ਉਹ ਚਰਿੱਤਰਹੀਣ ਨਾ ਵੀ ਹੋਵੇ। ਬੇਸ਼ੱਕ ਆਪਣੇ ਅੰਦਰੂਨੀ ਦੁੱਖਾਂ ਨੂੰ ਛੁਪਾਉਣ ਲਈ ਓਪਰਾ ਹਾਸਾ ਹੱਸਦੀ ਹੋਵੇ।
- **'ਅੰਨ ਬ੍ਰਹਮ ਹੈ'** ਕਹਾਣੀ ਵਿੱਚ ਜਤਿੰਦਰ ਹਾਂਸ ਜੀ ਨੇ ਦਲਿਤ ਵਰਗ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕੀਤਾ ਹੈ। ਇਸ ਕਹਾਣੀ ਵਿੱਚ ਨਿਮਨ ਕਿਸਾਨ, ਬੇ-ਜ਼ਮੀਨੇ ਜੱਟ ਅਤੇ ਦਲਿਤ ਦੀ ਹੋਣੀ ਨੂੰ ਬੜੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਅਨਾਜ ਪੈਦਾ ਕਰਨ ਵਾਲਾ ਹੀ ਅਨੇਕਾਂ ਮੁਸ਼ਕਿਲਾਂ ਵਿੱਚ ਘਿਰਿਆ ਹੋਇਆ ਹੈ। ਵੱਡੇ-ਵੱਡੇ ਗੁਦਾਮ ਅੰਨ ਨਾਲ ਭਰੇ ਪਏ ਹਨ, ਪਰ ਲੱਖਾਂ ਗਰੀਬ ਭੁੱਖ ਨਾਲ ਮਰ ਰਹੇ ਹਨ। ਇਸ ਕਹਾਣੀ ਦੀ ਪਾਤਰ ਸਲੋਨੀ ਜੋ ਆਪਣੇ ਜੰਮਣ ਪੀੜਾਂ ਵਿੱਚ ਪਈ ਮਾਂ ਅਤੇ ਆਪਣੇ ਛੋਟੇ ਭੈਣ-ਭਰਾਵਾਂ ਦੀ ਭੁੱਖ ਨਾਲ ਤੜਫਦਿਆਂ ਦੇਖ ਰੋਟੀ ਦਾ ਆਹਾਰ ਕਰਨ ਲਈ ਮੁੱਠੀ ਵਿੱਚ ਭੂਤ-ਪ੍ਰੇਤਾਂ ਦੇ ਡਰ ਤੋਂ ਮੁੱਠੀ ਵਿੱਚ ਥੋੜ੍ਹੇ ਜਿਹੇ ਦਾਣੇ ਲੈ ਕੇ ਨਿਕਲਦੀ ਹੈ-ਪਰ ਮਨੁੱਖੀ ਆਤਮਾ ਵਿੱਚ ਘੁੰਮਦੇ ਭੂਤਾਂ ਦਾ ਸ਼ਿਕਾਰ ਹੋ ਜਾਂਦੀ ਹੈ।


**© Copyright @ Authors**

- ਦੂਜੇ ਪਾਸੇ ਮੋਹਨ ਸਿੰਘ ਵਰਗੇ ਜੋ ਸਮਾਜ ਦੀ ਚਿੰਤਾ ਕਰਦੇ ਹਨ। ਉਹਨਾਂ ਨਾਲ ਹਮਦਰਦੀ ਰੱਖਦੇ ਹਨ ਤਾਂ ਲੋਕ ਉਹਨਾਂ ਦਾ ਸਾਥ ਦੇਣ ਦੀ ਬਜਾਏ 'ਮੂਰਖ' ਆਖਦੇ ਹਨ।
- '**ਅੱਧੇ ਸੋ ਦਾ ਨੋਟ**' ਕਹਾਣੀ ਸੁਨਹਿਰੇ ਭਵਿੱਖ ਦੀ ਆਸ ਵਿੱਚ ਪ੍ਰਵਾਸ ਗਈ ਮਾਂ ਦਾ ਵਿਥਿਆਂ ਦੀ ਤਰਜ਼ਮਾਨੀ ਕਰਦੀ ਹੈ। ਇਸ ਕਹਾਣੀ ਦੀ ਪਾਤਰ '**ਤਾਰੋ**' ਆਪਣੇ ਲਾਚਾਰ ਪੁੱਤਰ ਦੁਆਰਾ ਘਰੋਂ ਕੱਢ ਦਿੱਤੀ ਜਾਂਦੀ ਹੈ। ਜਿੱਥੇ ਪਿੰਡ ਵਿੱਚ ਉਹ ਕਿਸੇ ਨੂੰ ਟਿੱਚ ਨਹੀਂ ਸਮਝਦੀ। ਵਿਦੇਸ਼ ਵਿੱਚ ਉਸਨੂੰ ਬੇਰੀ ਫਾਰਮ ਵਿੱਚ ਕੰਮ ਕਰਦਿਆਂ ਗਾਲਾਂ ਸੁਣਨੀਆਂ ਪੈਂਦੀਆਂ ਹਨ। ਇਸ ਤਰ੍ਹਾਂ ਕਹਾਣੀਕਾਰਾਂ ਨੇ
- ਪਰਵਾਸੀਆਂ ਦੀਆਂ ਆਪਣੀਆਂ ਵੱਖਰੀਆਂ ਸਮੱਸਿਆਵਾਂ ਬਾਰੇ ਕਹਾਣੀਕਾਰ ਨੇ ਬਾਖੂਬੀ ਚਾਣਨਾ ਪਾਇਆ ਹੈ।
- "ਮੈਂ ਤਾਂ ਤੱਤ ਕੱਢਿਆ" ਜਿਵੇਂ ਇੱਕ ਡਾਲਰ ਪੰਜਾਬ ਦੇ ਪੰਜਾਹਾਂ ਰੁਪਇਆ ਦਾ ਬਣ ਜਾਂਦਾ, ਉਵੇਂ ਕਨੇਡੇ ਆ ਕੇ ਬੰਦਾ ਕਾਣੀ ਕੌਡੀ ਦਾ ਵੀ ਨਹੀਂ ਰਹਿੰਦਾ। 3.5
- 'ਰਸ ਰੰਗ' ਕਹਾਣੀ ਵਿੱਚ ਵੀ ਹਾਂਸ ਜੀ ਨੇ ਪੰਜਾਬ ਦੇ ਪੇਂਡੂ ਕਿਸਾਨੀ ਅਤੇ ਦਲਿਤ ਵਰਗ ਦੀ ਤਰਸਯੋਗ ਹਾਲਤ ਨੂੰ ਬਿਆਨ ਕੀਤਾ ਹੈ। ਦਲਿਤ ਵਰਗ ਦੀ ਔਰਤ ਨੂੰ ਵੀ ਇਸ ਸਮਾਜ ਵਿੱਚ ਰਹਿੰਦਿਆਂ ਦੋਹਰੀ ਗੁਲਾਮੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇੱਕ ਤਾਂ ਉਹ ਸਰਮਾਏਦਾਰ ਸਮਾਜ ਦੀ ਅਤੇ ਦੂਸਰੀ ਆਪਣੇ ਮਰਦ ਦੀ ਗੁਲਾਮੀ ਭੋਗਦੀ ਹੈ। ਕਹਾਣੀ ਦੀ ਪਾਤਰ 'ਜੈਲੋ' ਆਪਣੀਆਂ ਆਰਥਿਕ ਮਜ਼ਬੂਰੀ ਕਾਰਨ ਕੈਲੋ ਜੁਗਤੀ ਨਾਲ ਸੰਬੰਧ ਸਥਾਪਿਤ ਕਰਦੀ ਹੈ, ਕਹਾਣੀਕਾਰ ਕੈਲੋ ਅਤੇ
  ਜੈਲੋ ਦੇ ਸੰਬੰਧਾਂ ਵਿੱਚ ਰੂਹਾਂ ਦੇ ਪਿਆਰ ਨੂੰ ਪੇਸ਼ ਕਰਦਾ ਹੈ, ਜਿੱਥੇ ਦੂਸਰੇ ਪਾਸੇ ਕੈਲੋ ਦੇ ਨੌਜਵਾਨ ਪੁੱਤਰ ਦੀ ਨਵ-ਵਿਆਹੁਤਾ ਪਤਨੀ ਨਾਲ ਪਹਿਲੀ ਮਿਲਣੀ ਸਮੇਂ ਨੈਤਿਕਤਾ ਦਾ ਪੱਲਾ ਫੜ ਕਿ ਜਦੋਂ ਅਪਿਣੀ ਪਤਨੀ ਨਾਲ ਦਿਲ ਦੀ ਗੱਲ ਸਾਂਝੀ ਕਰਦਾ ਹੈ ਕਿ ਜਦੋਂ ਤੱਕ ਦੋ ਦਿਲ ਨਹੀਂ ਮਿਲਦੇ ਉਦੋਂ ਤੱਕ ਸਰੀਰਾਂ ਦਾ ਮਿਲਣਾ ਬਲਾਤਕਾਰ ਸਮਾਨ ਹੈ। ਜਿਸਮ ਦੀ ਭੁੱਖ ਪੂਰੀ ਨਾ ਹੁੰਦੀ ਦੇਖ ਕੇ ਉਸਦੀ ਪਤਨੀ ਉਸਨੂੰ ਛੱਡ ਜਾਂਦੀ ਹੈ। ਨਾਇਕ ਨੂੰ ਲੋਕਾਂ ਦੇ ਤਾਹਨੇ-ਮਿਹਣੇ ਸੁਣਨੇ ਪੈਂਦੇ ਹਨ।
- "ਊ ਤਾਂ ਤੀਮੀ ਦੇਵਤਾ ਭਾਲਦੀ ਆ। ਪਰ ਪਿਆਰ ਆਦਮੀ ਦੇ ਅੰਦਰਲੇ ਰਾਖਸ਼ਸ ਨੂੰ ਕਰਦੀ ਆ।" 3.6
- 'ਗਹਿਣਾ' ਕਹਾਣੀ ਵਿੱਚ ਵੀ ਮਨੁੱਖ ਦੀਆਂ ਆਰਥਿਕ ਤੰਗੀਆਂ ਕਾਰਨ ਪੈਦਾ ਹੋਈਆਂ ਮੁਸ਼ਕਿਲਾਂ ਨੂੰ ਪੇਸ਼ ਕੀਤਾ ਹੈ। ਆਰਥਿਕ ਤੰਗੀ ਦਾ ਸ਼ਿਕਾਰ ਔਰਤ ਨੂੰ ਆਪਣੀਆਂ ਸਾਰੀਆਂ ਇਛਾਵਾਂ ਦਾ ਤਿਆਗ ਕਰਨਾ ਪੈਂਦਾ ਹੈ। ਕਹਾਣੀ ਦੀ ਮੁੱਖ ਪਾਤਰ ਗਰੀਬੀ ਕਾਰਨ ਬਚਪਨ ਵਿੱਚ ਵਾਲੀਆਂ ਪਾਉਣ ਲਈ ਤਰਸਦੀ ਰਹੀ। ਵਿਆਹ ਸਮੇਂ ਪਾਈਆਂ ਵਾਲੀਆਂ ਨੂੰ ਉਸ ਦਾ ਨਸ਼ੇੜੀ ਪਤੀ ਪਹਿਲੀ ਰਾਤ ਨੂੰ ਹੀ ਖੁਲ੍ਹਵਾ ਕੇ ਲੈ ਗਿਆ। ਸਾਰੀ ਉਮਰ ਉਹ ਗਹਿਣੇ ਲਈ ਤੜਫਦੀ ਰਹੀ, ਫਿਰ ਉਸਦੀ ਇਹ ਸੱਧਰ ਕਦੇ ਪੂਰੀ ਨਾ ਹੋਈ। ਨਣਦੋਈਏ ਦੀ ਮੌਤ ਸਮੇਂ ਆਪਣੀ ਨਣਦ ਨੂੰ ਪਾਈਆਂ ਜਾਣ ਵਾਲੀਆਂ ਵਾਲੀਆਂ ਨੂੰ ਦੇਖ ਕੇ ਉਸਦਾ ਮਨ ਡੋਲ ਜਾਂਦਾ ਹੈ। ਉਹਨਾਂ ਵਾਲੀਆਂ ਨੂੰ ਆਪਣੇ ਕੰਨਾਂ ਵਿੱਚ ਸਜਾ ਲੈਂਦੀ ਹੈ ਅਤੇ ਨਾ ਲਾਹੁਣ ਦੀ ਜਿੱਦ ਕਰਦੀ ਹੈ। ਪਰ ਇਹ ਸੋਚ ਕੇ ਉਸਦੇ ਮਨ ਵਿੱਚ ਖੁਸ਼ੀ ਪੈਦਾ ਹੁੰਦੀ ਹੈ ਕਿ ਜਦੋ ਉਸਦੇ ਪਤੀ ਦੀ ਮੌਤ ਹੋਵੇਗੀ ਤਾਂ ਉਸਨੂੰ ਵੀ ਵਾਲੀਆਂ ਪੈਣਗੀਆਂ। ਇਸ ਆਸ ਨਾਲ ਉਹ ਵਾਲੀਆਂ ਨਣਦ ਨੂੰ ਦੇਣ ਲਈ ਰਾਜੀ ਹੁੰਦੀ ਹੈ। ਇਸ ਤਰ੍ਹਾਂ ਕਹਾਣੀ ਵਿੱਚ ਕਹਾਣੀਕਾਰ ਨੇ
  ਔਰਤਾਂ ਦਾ ਗਹਿਣਿਆਂ ਪ੍ਰਤੀ ਮੋਹ ਨੂੰ ਦਰਸਾਇਆ ਹੈ।
- 'ਵਿਸ਼ਵ ਸੁੰਦਰੀ' ਕਹਾਣੀ ਵਿੱਚ ਹਾਂਸ ਜੀ ਨੇ ਅਜੋਕੇ ਸਮਾਜ ਵਿੱਚ ਇਨਸਾਨ ਵੱਲੋਂ ਦੋਹਰੇ ਪਿਆਰ ਸੰਬੰਧਾਂ ਦਾ ਆਨੰਦ ਮਾਣਨ ਦੀ ਉਤੇਜਨਾ ਵਿੱਚ ਪੇਸ਼ ਕੀਤਾ ਹੈ। ਜਦੋਂ ਸਵੇਰ ਸਾਰ ਹੀ ਨਾਇਕ ਦੀ


**© Copyright @ Authors**

ਪ੍ਰੇਮਿਕਾ ਦਾ ਮੋਬਾਈਲ 'ਤੇ ਵਟਸਐਪ ਮੈਸੇਜ ਤੇ ਅੱਜ ਮਿਲਣ ਬਾਰੇ ਪੜ੍ਹਿਆ ਤਾਂ ਉਸਦੀ ਖੁਸ਼ੀ ਦਾ ਟਿਕਾਣਾ ਨਹੀਂ ਰਿਹਾ। ਇਸ ਕਹਾਣੀ ਸੰਗ੍ਰਹਿ ਵਿੱਚ ਔਰਤ ਮਰਦ ਸੰਬੰਧਾਂ ਦੇ ਇਕਲੋਤਰੇ ਰਿਸ਼ਤਿਆਂ

ਦੀ ਪੇਸ਼ਕਾਰੀ ਕੀਤੀ ਹੈ। ਲੇਖਕ ਨੇ ਔਰਤ-ਮਰਦ ਵਿੱਚ ਗੈਰ ਮਰਦ ਨਾਲ ਸੰਬੰਧਾਂ ਨੂੰ ਨਸ਼ਰ ਕਰਕੇ ਮਰਦ ਔਰਤ ਮਨ ਦੀ ਬੇਮੁਹਹਾਰੇਪਣ ਦੀ ਪੇਸ਼ਕਾਰੀ ਕੀਤੀ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਸਾਹਿਤ ਵਿਚੋਂ ਨਿਮਨ ਕਿਸਾਨੀ ਸੰਕਟ, ਦਲਿਤ ਵਰਗ ਦੀਆਂ ਮਜਬੂਰੀਆਂ ਅਤੇ ਤੰਗੀਆਂ, ਆਰਥਿਕ ਥੁੜਾਂ, ਸਮਾਜਿਕ ਸਮੱਸਿਆਵਾਂ ਅਜੋਕੇ ਸਿੱਖਿਆ ਪ੍ਰਬੰਧ, ਗਰੀਬੀ ਆਦਿ ਵਿਸ਼ਿਆਂ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਸ ਤਰ੍ਹਾਂ ਜਤਿੰਦਰ ਹਾਂਸ ਇੱਕ ਸੰਵੇਦਨਸ਼ੀਲ ਲੇਖਕ ਹੈ। ਇਸ ਤਰ੍ਹਾਂ ਉਹ ਆਪਣੀਆਂ ਕਹਾਣੀਆਂ ਦੇ ਜ਼ਰੀਏ ਪਾਠਕਾਂ ਦੀ ਸੋਚ ਨੂੰ ਪ੍ਰਭਾਵਿਤ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ

**google.com**

1. ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ-ਇੱਕ ਵਿਵੇਚਨ
2. ਸਮਕਾਲੀ ਪੰਜਾਬੀ ਸਾਹਿਤ: ਵਿਭਿੰਨ ਪਾਸਾਰ-ਜੇ.ਬੀ.ਸੇਖੋ.
3. ਜਿਉਣਾ ਸੱਚ ਬਾਕੀ ਝੂਠ- ਜਤਿੰਦਰ ਸਿੰਘ ਹਾਂਸ.
   3.1 ਉਹੀ ਪੰਨਾ ਨੰਬਰ-22.
   3.2 ਉਹੀ ਪੰਨਾ ਨੰਬਰ-25.
   3.3 ਉਹੀ ਪੰਨਾ ਨੰਬਰ-41.
   3.4 ਉਹੀ ਪੰਨਾ ਨੰਬਰ-54.
   3.5 ਉਹੀ ਪੰਨਾ ਨੰਬਰ-82.
   3.6 ਉਹੀ ਪੰਨਾ ਨੰਬਰ-99.


**© Copyright @ Authors**